## ਸੁਲਤਾਨਪੁਰ ਲੋਧੀ ਦੇ ਗੁਰਦੁਆਰਿਆਂ ਦਾ

# ਸੰਖੇਪ ਇਤਿਹਾਸ



ਮੈਨੇਜਰ, ਗੁਰਦੁਆਰਾ ਸ੍ਰੀ ਬੇਰ ਸਾਹਿਬ

ਸੁਲਤਾਨਪੁਰ ਲੋਧੀ (ਕਪੂਰਥਲਾ)।

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ਕ
ਮੈਨੇਜਰ, ਗੁਰਦੁਆਰਾ ਸ੍ਰੀ ਬੇਰ ਸਾਹਿਬ
ਸੁਲਤਾਨਪੁਰ ਲੋਧੀ (ਕਪੂਰਥਲਾ)।

ਛਾਪਣ ਵਾਲੇ:
ਗੋਲਡਨ ਆਫ਼ਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।

Sri Satguru Jagjit Singh Ji Elibrary NamdhariElibrary@gmail.com

# ਸੁਲਤਾਨਪੁਰ ਲੋਧੀ ਦੇ ਗੁਰਦੁਆਰਿਆਂ ਦਾ ਸੰਖੇਪ ਇਤਿਹਾਸ

ਸਿੱਖ ਧਰਮ ਦੇ ਨਾਲ ਸੁਲਤਾਨਪੁਰ ਲੋਧੀ ਨਗਰ ਦਾ ਸਬੰਧ ਪੰਦਰਵੀਂ ਸਦੀ ਦੇ ਅੰਤ ਵਿਚ ਸ਼ੁਰੂ ਹੁੰਦਾ ਹੈ। ਸ੍ਰੀ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਤੋਂ ਬਾਅਦ ਇਹੀ ਇਕ ਪ੍ਰਸਿੱਧ ਨਗਰ ਹੈ ਜਿਸ ਦਾ ਸਬੰਧ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਨਾਲ ਕਾਫ਼ੀ ਲੰਬਾ ਤੇ ਡੂੰਘਾ ਰਿਹਾ ਹੈ। ਆਪਣੀ ਜ਼ਿੰਦਗੀ ਦਾ ੧੪ ਸਾਲਾਂ ਤੋਂ ਵਧੇਰੇ ਸਮਾਂ ਗੁਰੂ ਸਾਹਿਬ ਨੇ ਇਥੇ ਗੁਜ਼ਾਰਿਆ। ਇਸ ਨਗਰ ਦਾ ਗੁਰੂ ਜੀ ਨਾਲ ਜੋ ਸਬੰਧ ਰਿਹਾ ਹੈ, ਉਸ ਨੂੰ ਜਾਣਨ ਤੋਂ ਪਹਿਲਾਂ ਇਸ ਨਗਰ ਦੇ ਇਤਿਹਾਸ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

## ਸੁਲਤਾਨਪੁਰ ਲੋਧੀ ਦਾ ਇਤਿਹਾਸ:

ਸੁਲਤਾਨਪੁਰ ਲੋਧੀ ਨਗਰ ਭਾਰਤ ਦੇ ਪੁਰਾਤਨ ਸ਼ਹਿਰਾਂ ਵਿਚੋਂ ਇੱਕ ਹੈ। ਇਹ ਸ਼ਹਿਰ ਭਾਰਤ ਦੇ ਲਗਭਗ ਦੋ ਹਜ਼ਾਰ ਸਾਲਾਂ ਤੋਂ ਵੀ ਵੱਧ ਦੇ ਇਤਿਹਾਸ ਨੂੰ ਦੁਹਰਾਉਂਦਾ ਹੈ। ਪਹਿਲੀ ਸਦੀ ਦੌਰਾਨ ਇਸ ਨਗਰ ਦੀ ਸਥਾਪਨਾ ਹੋਈ ਮੰਨੀ ਜਾਂਦੀ ਹੈ। ਇਹ ਨਗਰ ਸਦੀਆਂ ਲੰਮੇ ਵੱਖ-ਵੱਖ ਖੇਤਰਾਂ—ਧਰਮ, ਰਾਜਨੀਤੀ, ਸਾਹਿਤ, ਵਪਾਰ ਅਤੇ ਸਨਅਤ ਵਿਚ ਆਏ ਉਤਰਾਅ-ਚੜ੍ਹਾਅ ਦੀ ਗਵਾਹੀ ਭਰਦਾ ਹੈ।

ਪਹਿਲੀ ਸਦੀ ਤੋਂ ਛੇਵੀਂ ਸਦੀ ਤੱਕ ਸੁਲਤਾਨਪੁਰ ਲੋਧੀ ਬੁੱਧ ਧਰਮ ਦੇ ਭਗਤੀ ਮਾਰਗ ਤੇ ਗਿਆਨ ਮਾਰਗ ਦੇ ਮੁੱਖ ਕੇਂਦਰਾਂ ਵਿਚੋਂ ਇਕ ਪ੍ਰਮੁੱਖ ਕੇਂਦਰ ਰਿਹਾ ਹੈ। ਉਸ ਸਮੇਂ ਇਹ ਨਗਰ ਸਰਵਮਾਨਪੁਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬੁੱਧ ਧਰਮ ਦੀ ਪ੍ਰਾਚੀਨ ਕਿਤਾਬ 'ਅਭਿਨਵ-ਪ੍ਰਸਤਵਾ', ਲੇਖਕ ਕਿਤਨਯਾ, ਸੁਲਤਾਨਪੁਰ ਲੋਧੀ ਵਿਖੇ ਹੀ ਲਿਖੀ ਗਈ। ੮ਵੀਂ ਸਦੀ ਵਿਚ ਇਹ ਨਗਰ ਹਿੰਦੂ ਧਰਮ ਤੇ ਬੁੱਧ ਧਰਮ ਦੇ ਇਕ ਮਹਾਨ ਸਮਰਾਜ ਦੇ ਰੂਪ ਵਜੋਂ ਜਾਣਿਆ ਜਾਂਦਾ ਸੀ।

ਜਦੋਂ ਮੁਸਲਿਮ ਹਮਲਾਵਰ ਮਹਿਮੂਦ ਗਜ਼ਨਵੀ ਨੇ ਸਰਵਮਾਨਪੁਰ ਉੱਪਰ ਹਮਲਾ ਕੀਤਾ ਤਾਂ ਹਿੰਦੂਆਂ ਦਾ ਸ਼ਹਿਰ ਹੋਣ ਕਰਕੇ, ਉਸ ਨੇ ਇਸ ਨਗਰ ਨੂੰ ਅੱਗ ਲਗਾ ਕੇ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ। ਇਸ ਘਟਨਾ ਦੇ ਬਾਅਦ ਸਰਵਮਾਨਪੁਰ ਸ਼ਹਿਰ ਦਾ ਕੁਝ ਨਾ ਬਚਿਆ, ਕੇਵਲ ਕੁਝ ਕੁ ਲੋਕਾਂ ਦੀ ਟੋਲੀ ਨੇ ਇਸ ਨਗਰ ਵਿਚ



Sri Satguru Jagjit Singh Ji Elibrary NamdhariElibrary@gmail.com

ਰਹਿਣਾ ਸ਼ੁਰੂ ਕਰ ਦਿੱਤਾ। ਇਹ ਪੁਰਾਤਨ ਸ਼ਹਿਰ ਸਰਵਮਾਨਪੁਰ ਦਾ ਅੰਤ ਸੀ।

ਇਕ ਵਾਰ ਪੰਜਾਬ ਦੇ ਹਾਕਮ ਵਲੀ ਮੁਹੰਮਦ ਖਾਨ ਦਾ ਸ਼ਹਿਜ਼ਾਦਾ ਸੁਲਤਾਨ ਖਾਨ ਰਸਤੇ 'ਚੋਂ ਗੁਜ਼ਰ ਰਿਹਾ ਸੀ, ਇਸ ਸ਼ਹਿਰ ਸਰਵਮਾਨਪੁਰ ਦੇ ਸੁੰਦਰ ਚੌਗਿਰਦੇ ਨੇ ਉਸ ਨੂੰ ਆਕਰਸ਼ਿਤ ਕੀਤਾ। ਉਸ ਨੇ ਇਸ ਸ਼ਹਿਰ ਦਾ ਮੁੜ ਨਿਰਮਾਣ ਕਰਨ ਦੀ ਸੋਚੀ। ਇਸ ਤਰ੍ਹਾਂ ਇਹ ਪੁਰਾਤਨ ਸ਼ਹਿਰ ਸਰਵਮਾਨਪੁਰ ਦੀ ਸੰਪੂਰਨ ਮੌਤ ਤੇ ਨਵੇਂ ਸ਼ਹਿਰ ਸੁਲਤਾਨਪੁਰ ਲੋਧੀ ਦਾ ਜਨਮ ਸੀ।

ਸੁਲਤਾਨਪੁਰ ਲੋਧੀ ਨਗਰ ਦਿੱਲੀ ਤੋਂ ਲਾਹੌਰ ਜਾਣ ਵਾਲੇ ਪ੍ਰਾਚੀਨ ਵਪਾਰ ਮਾਰਗ ਦਾ ਕੇਂਦਰੀ ਬਿੰਦੂ ਵੀ ਰਿਹਾ ਹੈ। ਉੱਤਰੀ ਭਾਰਤ ਦੇ ਪ੍ਰਸਿੱਧ ਵਪਾਰਕ ਸ਼ਹਿਰਾਂ ਵਿਚੋਂ ਇਹ ਨਗਰ ਇਕ ਸੀ। ਇਸ ਵਿਚ ੩੨ ਬਜ਼ਾਰ ਅਤੇ ੫੬੦੦ ਦੁਕਾਨਾਂ ਬਣੀਆਂ ਹੋਈਆਂ ਸਨ ਅਤੇ ਇਹ ਸ਼ਹਿਰ ੮ ਮੀਲ (੧੩ ਕਿ: ਮੀ:) ਦੇ ਵਿਚ ਫੈਲਿਆ ਹੋਇਆ ਸੀ।

ਇਹ ਨਗਰ ਕੇਵਲ ਸੁੰਦਰਤਾ ਜਾਂ ਵਪਾਰ ਕਰਕੇ ਹੀ ਪ੍ਰਸਿੱਧ ਨਹੀਂ ਸੀ, ਸਗੋਂ ਉਚੇਰੀ ਇਸਲਾਮਿਕ ਸਿੱਖਿਆ ਦਾ ਵੀ ਸਿਰਮੌਰ ਕੇਂਦਰ ਸੀ। ਬਹੁਤ ਸਾਰੇ ਮਦਰੱਸੇ ਇਸ ਨਗਰ ਵਿਚ ਸਥਿਤ ਸਨ। ਕਿਹਾ ਜਾਂਦਾ ਹੈ ਕਿ ਦਿੱਲੀ ਦੇ ਦੋ ਬਾਦਸ਼ਾਹਾਂ ਔਰੰਗਜ਼ੇਬ ਅਤੇ ਦਾਰਾ ਸ਼ਿਕੋਹ ਨੇ ਆਪਣੀ ਉਚੇਰੀ ਇਸਲਾਮਿਕ ਵਿਦਿਆ ਸੁਲਤਾਨਪੁਰ ਦੀ ਪ੍ਰਸਿੱਧ ਸਫੈਦ ਮਸਜਿਦ ਵਿਚ ਪੂਰੀ ਕੀਤੀ।

ਇਸ ਨਗਰ ਦੀ ਰਾਜਸੀ ਵਿਸ਼ੇਸ਼ਤਾ ਮੁਗ਼ਲ ਰਾਜ ਦੇ ਅੰਤਲੇ ਦਿਨਾਂ ਤੱਕ ਕਾਇਮ ਰਹੀ। ਸਿੱਖਾਂ ਦੇ ਪ੍ਰਸਿੱਧ ਸਿਪਹ-ਸਲਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵੀ ਇਹ ਕਸਬਾ ਦੁਆਬਾ ਬਿਸਤ ਜਲੰਧਰ ਦੇ ਪ੍ਰਮੁੱਖ ਨਗਰਾਂ ਵਿਚ ਗਿਣਿਆ ਜਾਂਦਾ ਸੀ। ਨਵਾਬ ਅਦੀਨਾ ਬੇਗ ਇਸ ਥਾਂ 'ਤੇ ਹੀ ਵਧ-ਫੁਲ ਕੇ ਚਮਕਿਆ-ਦਮਕਿਆ ਸੀ। ਅਠਾਰਵੀਂ ਸਦੀ ਵਿਚ ਸਿੱਖ ਸਰਦਾਰਾਂ ਨੇ ਪੰਜਾਬ ਦੇ ਬਹੁਤ ਸਾਰੇ ਭਾਗਾਂ ਵਿਚ ਆਪਣੇ ਸੁਤੰਤਰ ਰਾਜ ਕਾਇਮ ਕੀਤੇ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ ਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਸ. ਫਤਹਿ ਸਿੰਘ ਨੇ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਸੰਨ ੧੭੭੭ ਈ: ਵਿਚ ਕਪੂਰਥਲਾ ਰਿਆਸਤ ਦਾ ਹਿੱਸਾ ਬਣਾਇਆ। ਹੁਣ ਇਹ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਹੈ। ਜਲੰਧਰ-ਫਿਰੋਜ਼ਪੁਰ ਰੇਲਵੇ ਲਾਇਨ 'ਤੇ ਇਕ ਉੱਘਾ ਸਟੇਸ਼ਨ ਹੈ ਅਤੇ ਇਹ ਸ਼ਹਿਰ ਸੁੰਦਰ ਵਾਤਾਵਰਣ ਕਰਕੇ ਯਾਤਰੀਆਂ ਲਈ ਖਿੱਚ ਦਾ ਕਾਰਣ ਬਣਿਆ ਹੋਇਆ ਹੈ।

## ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸੁਲਤਾਨਪੁਰ ਲੋਧੀ:

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਭੈਣ ਬੇਬੇ ਨਾਨਕੀ, ਭਾਈ ਜੈ ਰਾਮ (ਜੋ ਨਵਾਬ ਦੌਲਤ ਖਾਨ ਦੇ ਉੱਚ ਕਰਮਚਾਰੀ ਸਨ) ਨਾਲ ਵਿਆਹੇ ਹੋਏ ਸਨ। ਗੁਰੂ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ਮਾਤਾ-ਪਿਤਾ ਨੇ ਗੁਰੂ ਜੀ ਨੂੰ ਸੰਸਾਰਿਕ ਕੰਮਾਂ ਤੋਂ ਉਪਰਾਮ ਵੇਖਦਿਆਂ ਹੋਇਆਂ, ਭਣਵਈਆ ਜੈ ਰਾਮ ਜੀ ਨੂੰ ਨਵਾਬ ਦੌਲਤ ਖਾਨ ਦੇ ਦਰਬਾਰ ਵਿਚ ਗੁਰੂ ਸਾਹਿਬ ਲਈ ਨੌਕਰੀ ਲੱਭਣ ਦੀ ਗੁਜ਼ਾਰਿਸ਼ ਕੀਤੀ। ਭਾਈ ਜੈ ਰਾਮ ਜੀ ਦੇ ਸੱਦੇ ਉਪਰ, ਗੁਰੂ ਜੀ ੧੪੮੪ ਈ: ਨੂੰ ਸੁਲਤਾਨਪੁਰ ਲੋਧੀ ਗਏ। ਗੁਰੂ ਜੀ ਨੂੰ ਅਗਲੇ ਦਿਨ ਨਵਾਬ ਦੌਲਤ ਖਾਨ ਨਾਲ ਮਿਲਾਉਣ ਲਈ ਭਾਈ ਜੈ ਰਾਮ ਜੀ ਆਪ ਨੂੰ ਨਵਾਬ ਦੇ ਦਰਬਾਰ ਵਿਚ ਲੈ ਗਏ। ਨਵਾਬ, ਗੁਰੂ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਮੋਦੀਖਾਨੇ ਵਿਚ ਗੁਰੂ ਨਾਨਕ ਸਾਹਿਬ ਨੂੰ ਮੋਦੀ ਦੀ ਨੌਕਰੀ ਦੇ ਦਿੱਤੀ। ਉਸ ਸਮੇਂ ਗੁਰੂ ਜੀ ਆਪਣੇ ਭਰ ਜੋਬਨ 'ਤੇ ਸਨ। ਉਹ ਮੋਦੀਖਾਨੇ ਵਿਚ ਬੜੀ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਦੇ ਅਤੇ ਆਪਣੀ ਤਨਖਾਹ ਦਾ ਬਹੁਤ ਸਾਰਾ ਹਿੱਸਾ ਲੋੜਵੰਦਾਂ ਅਤੇ ਸਾਧੂ ਫਕੀਰਾਂ ਵਿਚ ਵੰਡ ਦਿੰਦੇ, ਥੋੜੇ ਹੀ ਸਮੇਂ ਵਿਚ ਆਪ ਸੁਲਤਾਨਪੁਰ ਲੋਧੀ ਨਗਰ ਦੇ ਲੋਕਾਂ ਵਿਚ ਬਹੁਤ ਪ੍ਰਸਿੱਧ ਹੋ ਗਏ। ਕੁਝ ਸਮੇਂ ਬਾਅਦ ਸੰਨ ੧੪੮੭ ਈ: ਵਿਚ ਬਟਾਲੇ ਵਿਖੇ ਉਹਨਾਂ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਗੁਰੂ ਸਾਹਿਬ ਮਾਤਾ ਸੁਲੱਖਣੀ ਜੀ ਨੂੰ ਵੀ ਆਪਣੇ ਨਾਲ ਇਥੇ ਲੈ ਆਏ ਅਤੇ ੧੪੯੪ ਈ: ਤੋਂ ੧੪੯੭ ਈ: ਤੱਕ ਉਹਨਾਂ ਦੇ ਘਰ ਦੋ ਸਪੁੱਤਰਾਂ ਦਾ ਜਨਮ ਹੋਇਆ।

ਜਨਮਸਾਖੀਆਂ ਅਨੁਸਾਰ ਸੁਲਤਾਨਪੁਰ ਲੋਧੀ ਰਹਿੰਦਿਆਂ ਗੁਰੂ ਨਾਨਕ ਸਾਹਿਬ ਰੋਜ਼ਾਨਾ ਅੰਮ੍ਰਿਤ ਵੇਲੇ ਵੇਈਂ ਨਦੀ ਵਿਚ ਇਸ਼ਨਾਨ ਕਰਦੇ, ਉਪਰੰਤ ਪਰਮਾਤਮਾ ਦੀ ਬੰਦਗੀ ਵਿਚ ਇਕ ਲੰਮਾ ਸਮਾਂ ਗੁਜ਼ਾਰਦੇ ਅਤੇ ਦਿਨ ਚੜ੍ਹਦੇ ਹੀ ਮੋਦੀਖਾਨੇ ਵਿਚ ਆਪਣਾ ਕੰਮ-ਕਾਰ ਸੰਭਾਲਦੇ।

ਭਾਵੇਂ ਗੁਰੂ ਜੀ ਆਪਣੇ ਕੰਮ-ਕਾਰ ਵਿਚ ਰੁੱਝੇ ਰਹਿੰਦੇ ਪਰ ਆਪ ਜੀ ਦਾ ਮਨ ਹਮੇਸ਼ਾ ਅਕਾਲ ਪੁਰਖ ਨਾਲ ਜੁੜਿਆ ਰਹਿੰਦਾ। ਇਸ ਸੁਲਤਾਨਪੁਰ ਲੋਧੀ ਦੀ ਪਵਿੱਤਰ ਧਰਤੀ ਉਪਰ ਹੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦਾ ਹੁਕਮ ਪਰਵਾਨ ਕੀਤਾ ਅਤੇ ਇਸ ਪਾਵਨ ਅਸਥਾਨ ਤੋਂ ਹੀ ਵੱਖ-ਵੱਖ ਦਿਸ਼ਾਵਾਂ ਵੱਲ ਜਾ ਕੇ ਮਨੁੱਖਤਾ ਦੇ ਭਲੇ ਲਈ ਸੱਚ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। ਇਸ ਕਰਕੇ ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਸਿੱਖ ਮਹਾਨ ਪਵਿੱਤਰ ਅਸਥਾਨ ਦਾ ਦਰਜਾ ਦਿੰਦੇ ਹਨ।

## ਸੁਲਤਾਨਪੁਰ ਲੋਧੀ ਵਿਚ ਇਤਿਹਾਸਕ ਯਾਦਗਾਰਾਂ

ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਸਾਹਿਬ ਜੀ ਨਾਲ ਸੰਬੰਧਿਤ ਕਈ ਇਤਿਹਾਸਕ ਪਾਵਨ ਅਸਥਾਨ ਤੇ ਯਾਦਗਾਰਾਂ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਗੁਰਦੁਆਰਾ ਸ੍ਰੀ ਬੇਰ ਸਾਹਿਬ ਹੈ। ਇਤਿਹਾਸਕ ਪਰੰਪਰਾ ਅਨੁਸਾਰ ਇਸ ਪਾਵਨ ਅਸਥਾਨ ਨੇੜੇ ਵਗਦੀ ਵੇਈਂ ਨਦੀ ਕਿਨਾਰੇ ਸਤਿਗੁਰੂ ਜੀ ਹਰ ਰੋਜ਼ ਇਸ਼ਨਾਨ ਕਰਨ ਜਾਇਆ ਕਰਦੇ



Sri Satguru Jagjit Singh Ji Elibrary NamdhariElibrary@gmail.com

ਸਨ। ਇਕ ਦਿਨ ਉਨ੍ਹਾਂ ਨੇ ਬੇਰੀ ਦੀ ਦਾਤਨ ਕਰਕੇ ਨਦੀ ਕਿਨਾਰੇ ਗੱਡ ਦਿੱਤੀ। ਇਸ ਪ੍ਰਸੰਗ ਦਾ ਵੇਰਵਾ 'ਗੁਰੂ ਨਾਨਕ ਪ੍ਰਕਾਸ਼' ਵਿਚ ਨਿਮਨਲਿਖਤ ਅਨੁਸਾਰ ਹੈ:

ਆਪਨ ਤੇ ਚਲ ਨੀਰ ਕੇ ਤੀਰ ਪੈ ਦੰਤਨ ਧਾਵਨ ਆਨਿ ਕਰੀ।
ਗਾਡ ਦਈ ਧਰ, ਹੋਤਿ ਭਯੋ ਤਰੁ ਹੈ ਅਬ ਲੌਂ ਬਰ ਸੋ ਬਦਰੀ।੧੫।

*(ਪੂਰਬਾਰਧ, ਅਧਿਆਇ ੨੮)*

## ਗੁਰਦੁਆਰਾ ਸ੍ਰੀ ਬੇਰ ਸਾਹਿਬ:

ਇਹ ਬੇਰੀ ਦਾ ਦਰੱਖਤ ਅੱਜ ਵੀ ਇਥੇ ਮੌਜੂਦ ਹੈ। ਇਸ ਬੇਰੀ ਦੇ ਨਾਮ ਤੋਂ ਹੀ ਗੁਰਦੁਆਰਾ ਬੇਰ ਸਾਹਿਬ ਮੌਜੂਦ ਹੈ। ਮੌਜੂਦਾ ਸਮੇਂ ਵਿਚ ਇਸ ਇਤਿਹਾਸਕ ਅਸਥਾਨ ਉਪਰ ਇਕ ਆਲੀਸ਼ਾਨ ਗੁਰਦੁਆਰਾ ਸੁਭਾਇਮਾਨ ਹੈ।

ਇਸ ਪਵਿੱਤਰ ਅਸਥਾਨ ਨਾਲ, ਗੁਰੂ ਨਾਨਕ ਸਾਹਿਬ ਦੀ ਵੇਈਂ ਨਦੀ ਵਿਚ ਅਲੋਪ ਹੋਣ ਦੀ ਘਟਨਾ ਜੁੜੀ ਹੋਈ ਹੈ। ਇਸੇ ਹੀ ਜਗ੍ਹਾ ਉਪਰ ਹੀ ਗੁਰੂ ਸਾਹਿਬ ਨੇ ਆਪਣੇ ਕੱਪੜੇ ਉਤਾਰ ਕੇ ਅਹਿਲਕਾਰ ਨੂੰ ਫੜਾਏ ਅਤੇ ੭੨ ਘੰਟੇ ਤੱਕ ਅਲੋਪ ਰਹੇ। ਸੁਲਤਾਨਪੁਰ ਦੀ ਆਮ ਜਨਤਾ ਲਈ ਗੁਰੂ ਜੀ ਪਾਣੀ ਦੀਆਂ ਲਹਿਰਾਂ ਦੇ ਨਾਲ ਵਹਿ ਗਏ। ਪਰੰਤੂ ਗੁਰੂ ਨਾਨਕ ਸਾਹਿਬ ਦੀ ਪਰਮਾਤਮਾ ਦੇ ਦਰਬਾਰ ਵਿਚਲੀ ਯਾਤਰਾ ਨੂੰ 'ਜਨਮਸਾਖੀਆਂ' ਇਸ ਤਰ੍ਹਾਂ ਬਿਆਨ ਕਰਦੀਆਂ ਹਨ:

"ਇਕ ਦਿਨ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰੀਆਉ ਵੈਂਦਾ ਆਹਾ, ਸੁ ਇਕਿ ਦਿਨਿ ਇਕੁ ਖਿਜਮਤਿਦਾਰੁ ਲੈਕਰਿ ਗਇਆ, ਕਪੜੇ ਲਾਹਿ ਖਿਜਮਤਿਦਾਰ ਕੇ ਹਵਾਲੈ ਕੀਤੇ, ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ਼ ਕੀਤੀ: 'ਜੀ ਨਾਨਕ ਹਾਜਰੁ ਹੈ'। ਤਬਿ ਓਹੁ ਖਿਜਮਤਦਾਰੁ ਕਪੜਿਆਂ ਉਤੇ ਖੜਾ ਆਹਾ, ਸੋ ਖੜਾ ਖੜਾ ਹੁਟਿ ਗਇਆ। ਓਨਿ ਆਖਿਆ ਜੋ 'ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀਂ'। ਓਸਿ ਆਇ ਖਾਨ ਪਾਸਿ ਅਰਜੁ ਕੀਤੋਸੁ: "ਖਾਨ ਸਲਾਮਤਿ! ਨਾਨਕ ਦਰੀਆਉ ਵਿਚਿ ਪਇਆ ਆਹਾ ਸੋ ਨਿਕਲਿਓ ਨਹੀਂ। ਤਬਿ ਖਾਨੁ ਅਸਵਾਰੁ ਹੋਇਆ, ਬਾਹਰਿ ਆਇਆ। ਦਰੀਆਉ ਉਪਰਿ ਆਇਆ, ਮਲਾਹ ਬੁਲਾਏ, ਅਰੁ ਜਾਲਬੰਧਿ ਪਵਾਏ। ਤਬਿ ਮਲਾਹ ਸੋਧਿ ਥਕੇ, ਪਰੁ ਲਧੋ ਨਾਹੀਂ। ਤਬਿ ਖਾਨੁ ਬਹੁਤ ਦਿਲਗੀਰੁ ਹੋਆ। ਫਿਰਿ ਅਸਵਾਰੁ ਹੋਆ, ਆਖਿਓਸੁ: ਨਾਨਕੁ ਭਲਾ ਵਜ਼ੀਰ ਥਾ'। ਖਾਨੁ ਘਰਿ ਆਇਆ।

ਆਗਿਆ ਪਰਮੇਸਰ ਕੀ ਹੋਈ, ਜੋ ਨਾਨਕੁ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਭਰਿ ਆਗਿਆ ਨਾਲ ਮਿਲਿਆ। ਹੁਕਮੁ ਹੋਆ: 'ਨਾਨਕ! ਇਹ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂ ਪਿਉ। ਤਬਿ ਗੁਰੂ ਨਾਨਕ ਤਸਲੀਮ



Sri Satguru Jagjit Singh Ji Elibrary NamdhariElibrary@gmail.com

ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨ ਹੋਆ: 'ਨਾਨਕ ਮੈ ਤੇਰੇ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰੁ ਜੋ ਤੇਰਾ ਨਾਮੁ ਲੇਵੈਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ। ਤੂ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰ ਥੀਂ ਨਿਰਲੇਪੁ ਰਹੁ ਨਾਮੁ, ਦਾਨੁ, ਇਸਨਾਨੁ, ਸੇਵਾ ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ। ਤੂ ਏਹ ਕਿਰਤਿ ਕਰਿ। ਤਬਿ ਗੁਰੂ ਨਾਨਕ ਸਲਾਮ ਕੀਤਾ, ਖੜਾ ਹੋਆ, ਤਬਿ ਹੁਕਮੁ ਆਇਆ, ਆਗਿਆ ਹੋਈ: 'ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ?

ਤਬਿ ਫਿਰਿ ਅਵਾਜ਼ ਹੋਆ, 'ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਕੀ ਸਿਫਤਿ ਕਰੁ। ਜੋ ਕਿਸੀ ਕਿਆ ਕਿਆ ਹੋਆ ਹੈ ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨਹਾਰੇ'...

ਤਬਿ ਫਿਰਿ ਆਗਿਆ ਆਈ, ਹੁਕਮੁ ਹੋਆ: 'ਨਾਨਕ ਜਿਸੁ ਊਪਰਿ ਤੇਰੀ ਨਦਰਿ, ਤਿਸੁ ਊਪਰਿ ਮੇਰੀ ਨਦਰਿ॥ ਜਿਸ ਊਪਰਿ ਤੇਰਾ ਕਰਮੁ, ਤਿਸੁ ਊਪਰਿ ਮੇਰਾ ਕਰਮੁ। ਮੇਰਾ ਨਾਉਂ ਪਾਰਬ੍ਰਹਮੁ ਪਰਮੇਸਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ।

ਇਸ ਉਪਰੰਤ ਗੁਰੂ ਜੀ ਨਦੀ ਦੇ ਕਿਨਾਰੇ ਆ ਕੇ ਬੈਠ ਗਏ, ਜਿੱਥੇ ਹੁਣ ਗੁਰਦੁਆਰਾ ਸੰਤ ਘਾਟ ਸਾਹਿਬ ਸਥਿਤ ਹੈ। ਗੁਰੂ ਜੀ ਇਕ ਦਿਨ ਤੇ ਰਾਤ ਮੂੰਹੋਂ ਕੁੱਝ ਨਾ ਬੋਲੇ ਅਗਲੇ ਦਿਨ ਉੱਚੀ ਅਵਾਜ਼ ਵਿਚ ਇਹ ਉਚਾਰਿਆ ਕਿ:

'ਨਾ ਕੋ ਹਿੰਦੂ ਨ ਮੁਸਲਮਾਨ'

ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਨਾਲ ਹੀ ਬਹੁਤ ਵੱਡਾ ਮੰਜੀ ਸਾਹਿਬ ਅਸਥਾਨ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਉਪਰ ਹਰ ਸਾਲ ਦੇਸ਼ਾਂ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂ ਇੱਥੇ ਯਾਤਰਾ ਲਈ ਆਉਂਦੇ ਹਨ।

## ਭੋਰਾ ਸਾਹਿਬ:

ਇਹ ਅਸਥਾਨ ਜੋ ਗੁਰਦੁਆਰਾ ਬੇਰ ਸਾਹਿਬ ਦੇ ਅੰਦਰ ਪ੍ਰਕਾਸ਼ ਸਥਾਨ ਦੇ ਹੇਠਾਂ ਸਥਿਤ ਹੈ। ਇੱਥੇ ਗੁਰੂ ਜੀ ਰੋਜ਼ਾਨਾ ਭਗਤੀ ਲਈ ਬੈਠਦੇ ਸਨ। ਇਸ ਤਪ ਸਥਾਨ ਦੀ ਨਿਸ਼ਾਨੀ ਵਜੋਂ ਇਥੇ ਇਕ ਥੜਾ (ਦਮਦਮਾ) ਵੀ ਹੈ ਜਿੱਥੇ ਗੁਰੂ ਸਾਹਿਬ ਬਿਰਾਜਦੇ ਸਨ। ਹੁਣ ਇਥੇ ਹਰ ਮੱਸਿਆ ਉਪਰ ਹਜ਼ਾਰਾਂ ਸ਼ਰਧਾਲੂ ਦਰਸ਼ਨ ਕਰਨ ਲਈ ਆਉਂਦੇ ਹਨ।

## ਗੁਰਦੁਆਰਾ ਸ੍ਰੀ ਸੰਤ ਘਾਟ:

ਗੁਰੂ ਸਾਹਿਬ ਵੇਈਂ ਨਦੀ ਵਿਚ ਅਲੋਪ ਹੋਣ ਤੋਂ ੭੨ ਘੰਟੇ ਬਾਅਦ, ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਤਿੰਨ ਮੀਲ ਦੂਰ ਆ ਬਿਰਾਜੇ। ਇਸ ਜਗ੍ਹਾ 'ਪੁਰ ਗੁਰੂ ਜੀ ਨੇ



Sri Satguru Jagjit Singh Ji Elibrary NamdhariElibrary@gmail.com

ਮੂਲ ਮੰਤਰ ਦਾ ਉਚਾਰਣ ਕੀਤਾ, ਇਸ ਜਗ੍ਹਾ ਉਪਰ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਸੁਸ਼ੋਭਿਤ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਉਦਾਸੀ ਮਹੰਤਾਂ ਦੇ ਹੱਥਾਂ ਵਿਚ ਚਲਾ ਗਿਆ। ਹੜ੍ਹ ਆਉਣ ਕਾਰਨ ਗੁਰਦੁਆਰਾ ਸਾਹਿਬ ਬੁਰੀ ਤਰ੍ਹਾਂ ਢਹਿ ਗਿਆ। ਸੰਤ ਸਾਧੂ ਸਿੰਘ ਨਿਰਮਲਾ, ਜਥੇਦਾਰ ਸੰਤਾ ਸਿੰਘ ਲਸੂੜੀ ਅਤੇ ਸੰਤ ਊਧਮ ਸਿੰਘ ਜੀ ਦੇ ਯਤਨਾਂ ਸਦਕਾ ਗੁਰਦੁਆਰਾ ਸਾਹਿਬ ਦਾ ਮੁੜ ਨਿਰਮਾਣ ਕੀਤਾ ਗਿਆ।

## ਗੁਰਦੁਆਰਾ ਸ੍ਰੀ ਹੱਟ ਸਾਹਿਬ:

ਗੁਰਦੁਆਰਾ ਸ੍ਰੀ ਹੱਟ ਸਾਹਿਬ ਉਸ ਜਗ੍ਹਾ ਸੁਸ਼ੋਭਿਤ ਹੈ ਜਿਥੇ ਗੁਰੂ ਨਾਨਕ ਸਾਹਿਬ ਬਤੌਰ ਮੋਦੀ ਦਾ ਕੰਮ ਕਰਦੇ ਰਹੇ। ਇਹ ਗੁਰਦੁਆਰਾ ਕਿਲ੍ਹੇ ਦੇ ਦੱਖਣ ਵੱਲ ਸਰਕਾਰੀ ਸਰਾਇ ਦੇ ਪਿਛਲੇ ਪਾਸੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਇਹ ਉਹ ਜਗ੍ਹਾ ਹੈ ਜਿਥੇ ਗੁਰੂ ਸਾਹਿਬ ਦਰਵੇਸ਼, ਕਲੰਦਰ, ਸਾਧ, ਫਕੀਰਾਂ ਤੇ ਹੋਰ ਲੋੜਵੰਦਾਂ ਨੂੰ ਅਨਾਜ ਵੰਡਦੇ ਅਤੇ 'ਤੇਰਾ ਤੇਰਾ' ਉਚਾਰਦੇ ਸਨ। ਜਦੋਂ ਗੁਰੂ ਨਾਨਕ ਸਾਹਿਬ ਦੀ ਪ੍ਰਭੁਤਾ ਦਿਨੋ-ਦਿਨ ਵੱਧਦੀ ਗਈ ਤਾਂ ਕਿਸੇ ਈਰਖਾਲੂ ਨੇ ਦੌਲਤ ਖਾਂ ਲੋਧੀ ਪਾਸ ਸ਼ਿਕਾਇਤ ਕੀਤੀ ਕਿ ਨਾਨਕ ਮੋਦੀਖਾਨਾ ਲੋਕਾਂ ਨੂੰ ਲੁਟਾ ਰਿਹਾ ਹੈ। ਮੋਦੀ ਦਾ ਕੰਮ ਬਹੁਤ ਜ਼ਿੰਮੇਵਾਰੀ ਦਾ ਕੰਮ ਸੀ। ਇਸ ਲਈ ਦੌਲਤ ਖਾਂ ਨੇ ਗੁਰੂ ਨਾਨਕ ਸਾਹਿਬ ਦੇ ਭਣਵੱਈਏ ਜੈ ਰਾਮ ਜੀ ਨੂੰ ਸੱਦਿਆ ਅਤੇ ਮੋਦੀਖਾਨੇ ਦਾ ਹਿਸਾਬ ਕਰਨ ਲਈ ਕਿਹਾ। ਉਸ ਸਮੇਂ ਵਿਚ ਜੇਕਰ ਕੋਈ ਰਾਜ ਦਰਬਾਰ ਨਾਲ ਪੈਸੇ ਪੱਖੋਂ ਹੇਰਾਫੇਰੀ ਕਰਦਾ ਸੀ ਤਾਂ ਉਸ ਨੂੰ ਕਈ ਕਿਸਮ ਦੇ ਤਸੀਹੇ ਦਿੱਤੇ ਜਾਂਦੇ, ਇਥੋਂ ਤੱਕ ਕਿ ਮੌਤ ਦੀ ਸਜ਼ਾ ਵੀ ਸੁਣਾ ਦਿੱਤੀ ਜਾਂਦੀ ਸੀ। ਪਰੰਤੂ ਜਦੋਂ ਮੋਦੀਖਾਨੇ ਦੇ ਹਿਸਾਬ ਦੀ ਜਾਂਚ-ਪੜਤਾਲ ਕੀਤੀ ਗਈ ਤਾਂ ਕਿਸੇ ਵੀ ਕਿਸਮ ਦਾ ਘਾਟਾ ਨਾ ਨਿਕਲਿਆ, ਬਲਕਿ ਗੁਰੂ ਨਾਨਕ ਸਾਹਿਬ ਦਾ ਬਕਾਇਆ ਸਰਕਾਰ ਵੱਲ ਨਿਕਲਿਆ। ਦੌਲਤ ਖਾਨ ਇਹ ਸਭ ਦੇਖ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਇਨਾਮ ਵਜੋਂ ਗੁਰੂ ਜੀ ਨੂੰ ਧਨ ਭੇਂਟ ਕੀਤਾ ਪਰ ਗੁਰੂ ਸਾਹਿਬ ਨੇ ਇਹ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਨੂੰ ਲੋੜਵੰਦਾਂ ਵਿਚ ਵੰਡਣ ਲਈ ਕਿਹਾ।

ਇੱਥੇ ਇਕ ਕਮਰੇ ਵਿਚ ੧੪ ਵੱਟੇ ਸੁਸ਼ੋਭਿਤ ਹਨ। ਇਹਨਾਂ ਵੱਟਿਆਂ ਨਾਲ ਹੀ ਗੁਰੂ ਜੀ ਨਾਪ-ਤੋਲ ਦਾ ਕੰਮ-ਕਾਰ ਕਰਦੇ ਸਨ। ਹੁਣ ਇਥੇ ਸੁੰਦਰ ਗੁਰਦੁਆਰੇ ਦੀ ਇਮਾਰਤ ਸੰਤ ਜਗਤਾਰ ਸਿੰਘ ਜੀ ਨੇ ਤਿਆਰ ਕਰਵਾਈ ਹੈ।

## ਗੁਰਦੁਆਰਾ ਸ੍ਰੀ ਕੋਠੜੀ ਸਾਹਿਬ:

ਮੋਦੀਖਾਨਾ ਲੁਟਾਏ ਜਾਣ ਦੀ ਸ਼ਿਕਾਇਤ ਤੋਂ ਬਾਅਦ, ਗੁਰੂ ਸਾਹਿਬ ਨੂੰ ਰਾਇ ਮਸੁਦੀ (ਅਕਾਊਂਟੈਂਟ ਜਨਰਲ) ਦੇ ਘਰ ਹਿਸਾਬ ਦੀ ਪੜਤਾਲ ਕਰਨ ਲਈ ਸੱਦਿਆ।



Sri Satguru Jagjit Singh Ji Elibrary NamdhariElibrary@gmail.com

ਜਾਂਚ-ਪੜਤਾਲ ਦੇ ਬਾਅਦ ਗੁਰੂ ਜੀ ਦਾ ਸਰਕਾਰ ਵੱਲ ਕੁਝ ਰੁਪਇਆਂ ਦਾ ਵਾਧਾ ਨਿਕਲਿਆ। ਗੁਰੂ ਜੀ ਨੇ ਇਹ ਧਨ ਲੈਣ ਤੋਂ ਮਨਾਹੀ ਕਰ ਦਿੱਤੀ ਤੇ ਨਵਾਬ ਦੇ ਲੇਖਾਕਾਰ ਨੂੰ ਜ਼ਰੂਰਤਮੰਦਾਂ ਵਿਚ ਇਹ ਧਨ ਵੰਡਣ ਦਾ ਆਦੇਸ਼ ਦਿੱਤਾ ਅਤੇ ਖ਼ੁਦ ਆਪਣੇ ਅਹੁਦੇ ਨੂੰ ਛੱਡ ਗਏ। ਉਹ ਅਸਥਾਨ ਜਿੱਥੇ ਹਿਸਾਬ ਦੀ ਜਾਂਚ-ਪੜਤਾਲ ਕੀਤੀ ਗਈ ਸੀ, ਗੁਰਦੁਆਰਾ ਸ੍ਰੀ ਕੋਠੜੀ ਸਾਹਿਬ ਸਥਿਤ ਹੈ।

## ਗੁਰਦੁਆਰਾ ਸ੍ਰੀ ਗੁਰੂ ਕਾ ਬਾਗ ਸਾਹਿਬ:

ਸ੍ਰੀ ਗੁਰੂ ਨਾਨਕ ਸਾਹਿਬ ਆਪਣੇ ਵਿਆਹ ਤੋਂ ਬਾਅਦ ਆਪਣੇ ਪਰਿਵਾਰ ਨਾਲ ਏਥੇ ਰਹਿੰਦੇ ਸਨ, ਇਸ ਅਸਥਾਨ ਉਪਰ ਹੀ ਗੁਰੂ ਸਾਹਿਬ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ ਅਤੇ ਗੁਰੂ ਜੀ ਦਾ ਪਰਿਵਾਰ ਵਧਿਆ ਫੁੱਲਿਆ ਸੀ। ਇਸ ਕਰਕੇ ਇਸ ਨੂੰ ਗੁਰੂ ਕਾ ਬਾਗ ਕਹਿੰਦੇ ਹਨ। ਪਹਿਲਾਂ ਇਸ ਅਸਥਾਨ ਦੀ ਛੋਟੀ ਇਮਾਰਤ ਸੀ ਹੁਣ ਇਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਸੁਸ਼ੋਭਿਤ ਹੈ।

## ਗੁਰਦੁਆਰਾ ਸ੍ਰੀ ਸਿਹਰਾ ਸਾਹਿਬ:

ਇਹ ਉਹ ਪਵਿੱਤਰ ਅਸਥਾਨ ਹੈ ਜਿਥੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਵਿਆਹੁਣ ਜਾਂਦੇ ਹੋਏ ਰਾਤ ਨੂੰ ਇਸ ਜਗ੍ਹਾ ਉੱਪਰ ਬਿਰਾਜੇ ਸਨ ਅਤੇ ਸਵੇਰੇ ਇਥੋਂ ਹੀ ਸਿਹਰਾ-ਬੰਦੀ ਕਰਕੇ ਡੱਲੇ ਪਧਾਰੇ ਸਨ। ਇਸੇ ਕਾਰਨ ਇਸ ਅਸਥਾਨ ਦਾ ਨਾਮ ਸਿਹਰਾ ਸਾਹਿਬ ਹੈ। ਇਸ ਗੁਰਦੁਆਰੇ ਨੂੰ ਧਰਮਸ਼ਾਲਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਵੀ ਕਹਿੰਦੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਬਾਬੇ ਨੇ ਸਭ ਤੋਂ ਪਹਿਲਾਂ ਇਹੋ ਧਰਮਸ਼ਾਲ ਬੱਧੀ ਸੀ ਅਤੇ ਉਸ ਵਿਚ ਪੰਚਮ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਦੀ ਜੰਞ ਸਮੇਤ ਰੈਣ-ਬਸੇਰਾ ਕੀਤਾ ਸੀ।

## ਗੁਰਦੁਆਰਾ ਸ੍ਰੀ ਅੰਤਰਯਾਮਤਾ:

ਇਹ ਉਹ ਅਸਥਾਨ ਹੈ ਜਿਥੇ ਈਦਗਾਹ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਵਾਬ ਦੌਲਤ ਖਾਨ ਤੇ ਉਸ ਦੇ ਮੌਲਵੀ ਨੂੰ ਨਮਾਜ਼ ਦੀ ਅਸਲੀਅਤ ਦੱਸੀ ਅਤੇ ਸਿੱਧੇ ਰਾਹ ਪਾਇਆ ਸੀ। ਇਸ ਗੁਰਦੁਆਰਾ ਸਾਹਿਬ ਦੀ ਨਵੀਂ ਸੁੰਦਰ ਇਮਾਰਤ ਕਾਇਮ ਹੋ ਚੁੱਕੀ ਹੈ।

ਸੁਲਤਾਨਪੁਰ ਲੋਧੀ ਨਗਰ ਵਿਚ ਸੁਸ਼ੋਭਿਤ ਆਧੁਨਿਕ ਇਤਿਹਾਸਕ ਗੁਰਦੁਆਰਿਆਂ ਤੋਂ ਇਲਾਵਾ ਇਸ ਤਹਿਸੀਲ ਦੇ ਅੰਦਰ ਹੋਰ ਵੀ ਇਤਿਹਾਸਕ ਗੁਰਦੁਆਰੇ ਮੌਜੂਦ ਹਨ, ਜਿਵੇਂ ਪਿੰਡ ਡੱਲਾ ਵਿਚ ਬਹੁਤ ਮਸ਼ਹੂਰ ਗੁਰਦੁਆਰਾ ਬਾਉਲੀ ਸਾਹਿਬ ਹੈ। ਪਿੰਡ ਭਰੋਆਣਾ ਵਿਚ ਗੁਰਦੁਆਰਾ ਰਬਾਬਸਰ ਹੈ, ਜਿਥੇ ਸ੍ਰੀ



Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਸਾਹਿਬ ਜੀ ਦੇ ਆਦੇਸ਼ 'ਤੇ ਭਾਈ ਮਰਦਾਨੇ ਨੂੰ ਰਬਾਬ ਪ੍ਰਾਪਤ ਹੋਈ ਸੀ। ਪਿੰਡ ਠੱਟਾ ਨੇੜੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਉਪਰੋਕਤ ਸਾਰੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹਨ।

## ਬੇਬੇ ਨਾਨਕੀ ਗੁਰਮਤਿ ਕਾਲਜ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਭੈਣ ਬੇਬੇ ਨਾਨਕੀ ਦੀ ਯਾਦ ਵਿਚ ਬੇਬੇ ਨਾਨਕੀ ਗੁਰਮਤਿ ਮਿਸ਼ਨਰੀ ਕਾਲਜ ਦੀ ਸਥਾਪਨਾ ਕੀਤੀ ਗਈ ਹੈ, ਜਿਸ ਵਿਚ ਪ੍ਰਚਾਰਕ, ਸੰਗੀਤ ਅਤੇ ਤਬਲੇ ਦੀ ਵਿਦਿਆ ਦਿੱਤੀ ਜਾਂਦੀ ਹੈ।

## ਸਰਾਂ:

ਯਾਤਰੂਆਂ ਦੀ ਰਿਹਾਇਸ਼ ਲਈ ੩੬ ਕਮਰਿਆਂ ਦੀ ਸੁੰਦਰ ਸਰਾਂ ਬਣੀ ਹੈ। ਦੂਜੀ ੨੪ ਕਮਰਿਆਂ ਦੀ ਸਰਾਂ ਤਿਆਰ ਹੋ ਰਹੀ ਹੈ।

## ਨਗਰ ਸੁਲਤਾਨਪੁਰ ਲੋਧੀ:

ਮੌਜੂਦਾ ਸਮੇਂ ਇਹ ਪ੍ਰਸਿੱਧ ਨਗਰ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਹੈ। ਇਸ ਨਗਰ ਵਿਚ ਵਧੇਰੇ ਅਬਾਦੀ ਹਿੰਦੂਆਂ ਤੇ ਸਿੱਖਾਂ ਦੀ ਹੈ, ਜੋ ਵੱਖ-ਵੱਖ ਕਿੱਤੇ ਕਰਦੇ ਹਨ। ਨਗਰ ਦਾ ਘੇਰਾ ਮੁਰੱਬਾ ਮੀਲ ਦੇ ਕਰੀਬ ਹੈ। ਇਹ ਨਗਰ ਜਲੰਧਰ ਤੋਂ ੨੬ ਮੀਲ (੪੨ ਕਿ:ਮੀ:) ਦੱਖਣ-ਪੱਛਮ ਤੇ ਕਪੂਰਥਲਾ ਤੋਂ ੨੭ ਕਿ: ਮੀ: ਦੱਖਣ-ਪੂਰਬ ਵੱਲ ਹੈ। ਮੁਗ਼ਲ ਕਾਲ ਵਿਚ ਇਹ ਨਗਰ ਦਿੱਲੀਓਂ-ਲਾਹੌਰ ਜਾਣ ਵਾਲੀ ਸ਼ਾਹੀ ਸੜਕ ਦੇ ਐਨ ਉੱਪਰ ਸੀ ਅਤੇ ਪੰਜਾਬ ਸਰਕਾਰ ਵੱਲੋਂ ਕਾਫ਼ੀ ਧਨ ਖਰਚ ਕੇ ਇਸ ਨੂੰ ਇਲਾਕੇ ਦੀਆਂ ਹੋਰ ਸੜਕਾਂ ਦੇ ਨਾਲ ਪੂਰੀ ਤਰ੍ਹਾਂ ਜੋੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਗੁਰਪੁਰਬ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਜਵੀਜ਼ ਅਨੁਸਾਰ ਪੰਜਾਬ ਸਰਕਾਰ ਨੇ ਲੱਖਾਂ ਰੁਪਏ ਖਰਚ ਕੇ ਗੁਰਦੁਆਰਾ ਸਾਹਿਬ ਦੇ ਪਾਸ ਵੇਈਂ ਨਦੀ ਦਾ ਮਨੋਹਰ ਘਾਟ ਬਣਾਇਆ ਅਤੇ ਨਵੀਆਂ ਸੜਕਾਂ ਆਦਿ ਬਣਾ ਕੇ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਨੂੰ ਹੋਰ ਵੀ ਮਨਮੋਹਣਾ ਬਣਾਉਣ ਦਾ ਭਰਪੂਰ ਯਤਨ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਦੀ ਚਰਨ-ਛੁਹ ਪ੍ਰਾਪਤ ਕਰ ਇਹ ਨਗਰ ਦਿਨੋਂ-ਦਿਨ ਤਰੱਕੀ ਵੱਲ ਵੱਧ ਰਿਹਾ ਹੈ। ਗੁਰ-ਸੰਗਤਾਂ ਨਿੱਤ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੋ ਕੇ ਗੁਰੂ ਪਾਤਸ਼ਾਹ ਦੀਆਂ ਅਸੀਸਾਂ ਪ੍ਰਾਪਤ ਕਰਦੀਆਂ ਹਨ।

-■-



Sri Satguru Jagjit Singh Ji Elibrary NamdhariElibrary@gmail.com


ਗੁਰਦੁਆਰਾ
ਸ੍ਰੀ ਸੰਤ ਘਾਟ


ਗੁਰਦੁਆਰਾ
ਸ੍ਰੀ ਗੁਰੂ ਕਾ ਬਾਗ ਸਾਹਿਬ


ਗੁਰਦੁਆਰਾ
ਸ੍ਰੀ ਕੋਠੜੀ ਸਾਹਿਬ



ਗੁਰਦੁਆਰਾ
ਸ੍ਰੀ ਅੰਤਰਯਾਮਤਾ
ਸਾਹਿਬ

Sri Satguru Jagjit Singh Ji Elibrary NamdhariElibrary@gmail.com

ਗੁਰਦੁਆਰਾ ਸ੍ਰੀ ਹੱਟ ਸਾਹਿਬ



ਸਰਾਂ ਗੁਰਦੁਆਰਾ ਸ੍ਰੀ ਬੇਰ ਸਾਹਿਬ



Sri Satguru Jagjit Singh Ji Elibrary NamdhariElibrary@gmail.com